ਵਿਚਾਰ-ਚਰਚਾ

# ਆਧੁਨਿਕਤਾ ਅਤੇ ਪਰੰਪਰਾਗਤ ਰੂੜੀਵਾਦ

੧.੪.੧੮

ਗੁਰਸ਼ਰਨ ਸਿੰਘ

ਭਾਜਪਾ ਦੇ ਕੇਂਦਰ ਵਿਚ ਅਤੇ ਪੰਜਾਬ ਵਿਚ ਅਕਾਲੀ-ਭਾਜਪਾ ਦੇ ਸੱਤਾ ਵਿਚ ਆ ਜਾਣ ਕਰਕੇ ਇਕ ਵਿਚਾਰਧਾਰਕ ਟੱਕਰ ਹੋਂਦ ਵਿਚ ਆ ਗਈ ਹੈ। ਇਸ ਵਿਚਾਰਧਾਰਕ ਟੱਕਰ ਵਿਚ ਇਕ ਪਾਸੇ ਪੰਰਪਰਾਗਤ ਰੂੜੀਵਾਦ ਸੋਚ ਦੇ ਲੋਕ ਹਨ ਅਤੇ ਦੂਜੇ ਪਾਸੇ ਸਮਾਜਿਕ ਨਿਆਂ ਵਾਲਾ ਸਮਾਜ ਵੇਖਣ ਵਾਲੇ ਆਧੁਨਿਕਤਾ ਨੂੰ ਆਪਣਾਏ ਲੋਕ ਹਨ। ਇਸ ਤੋਂ ਪਹਿਲਾਂ ਸਿਆਸੀ ਟੱਕਰ ਤਾਂ ਜ਼ਰੂਰ ਸੀ ਪਰ ਵਿਚਾਰਧਾਰਕ ਟੱਕਰ ਇਸ ਸ਼ਿੱਦਤ ਨਾਲ ਨਹੀਂ ਸੀ। ਕਾਂਗਰਸ 50 ਸਾਲ ਸੱਤਾ ਵਿਚ ਰਹੀ, ਉਹ ਇਕ ਭ੍ਰਿਸ਼ਟ ਸਰਕਾਰ ਜ਼ਰੂਰ ਸਾਬਤ ਹੋਈ ਪਰ ਉਸਦਾ ਦਾਅਵਾ ਜਮਹੂਰੀਅਤ ਅਤੇ ਧਰਮ-ਨਿਰਪੇਖਤਾ ਸੀ। ਇਸਦੇ ਉਲਟ ਭਾਜਪਾ ਅਤੇ ਉਹਦਾ ਪ੍ਰੇਰਨਾਸ੍ਰੋਤ ਸੰਘ ਪਰਿਵਾਰ ਨੰਗੇ-ਚਿੱਟੇ ਰੂਪ ਵਿਚ ਹਿੰਦੂਤਵ ਦੇ ਮੁੱਦਈ ਹਨ ਅਤੇ ਉਹਨਾਂ ਦੀ ਇਹੀ ਸੋਚ ਸਮੁੱਚੇ ਦੇਸ਼ ਲਈ ਅਤੇ ਖਾਸ ਕਰਕੇ ਘੱਟ-ਗਿਣਤੀਆਂ ਦੇ ਲੋਕਾਂ ਲਈ ਬਹੁਤ ਵੱਡਾ ਖ਼ਤਰਾ ਹਨ।

ਉਤਲੇ ਕੱਥਨ ਦੀ ਇਕ ਮਿਸਾਲ ਹੈ ਕਿ ਸਾਲਾਂ ਤੋਂ ਮੁੰਬਈ ਵਿਚ ਰਹਿ ਰਹੇ ਮੁਸਲਮਾਨ ਕਾਰੀਗਰਾਂ ਨੂੰ ਬੰਗਲਾ ਦੇਸ਼ੀ ਕਹਿ ਕੇ ਜ਼ੰਗੀਰਾਂ ਪਾ ਕੇ ਮਹਾਰਾਸ਼ਟਰ ਦੀ ਪੁਲਸ ਬੰਗਾਲ ਵਿਚ ਛੱਡ ਆਈ ਹੈ। ਜ਼ੰਜ਼ੀਰਾਂ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕੁੱਤਿਆਂ ਬਿੱਲੀਆਂ ਨੂੰ ਪਾਈਆਂ ਜਾਂਦੀਆਂ ਹਨ। ਇਹ ਕੋਈ ਅਚਾਨਕ ਵਰਤਾਰਾ ਨਹੀਂ। ਇਹਦੇ ਪਿਛੇ ਭਾਜਪਾ ਦੀ ਮੁਸਲਮਾਨਾਂ ਪ੍ਰਤੀ ਨਫ਼ਰਤ ਵਾਲੀ ਜ਼ਹਿਨੀਅਤ ਹੈ। ਸੰਘ ਪਰਿਵਾਰ ਦਾ ਵੱਸ ਚਲੇ ਤਾਂ ਉਹ ਸਿਰਫ਼ ਮਸੀਤਾਂ ਹੀ ਨਾ ਢਾਉਣ ਸਗੋਂ ਮੁਸਲਮਾਨਾਂ ਨੂੰ ਖਾ ਹੀ ਜਾਣ। ਸਿਕੰਦਰ ਬਖ਼ਤ ਪਤਾ ਨਹੀਂ ਕਿਉਂ ਭਾਜਪਾ ਪਾਰਟੀ ਵਿਚ ਹੈ?

ਈਸਾਈਆਂ ਨਾਲ ਵੀ ਇਸ ਹਿੰਦੂਤਵ ਦੇ ਸ਼ੈਦਾਈਆਂ ਦਾ ਪੁਰਾਣਾ ਵੈਰ ਹੈ। ਇਹਨਾਂ ਦੀ ਸੋਚ ਵਿਚ ਇਹ ਗਲ ਵੜੀ ਹੋਈ ਹੈ ਕਿ ਪਾਦਰੀਆਂ ਨੇ ਹਿੰਦੋਸਤਾਨ ਵਿਚ ਆ ਕੇ ਇਸਾਈ ਮੱਤ ਦਾ ਪ੍ਰਚਾਰ ਕੀਤਾ ਅਤੇ ਹਿੰਦੂਆਂ ਨੂੰ ਇਸਾਈ ਬਣਾਇਆ। ਇਸਾਈ ਮੱਤ ਵਿਚ ਗਿਰਜਿਆਂ ਵਿਚ ਕੁਝ ਰਸਮਾਂ ਕੀਤੀਆਂ ਜਾਂਦੀਆਂ ਹਨ, ਜਿਹਨਾਂ ਵਿਚ ਸ਼ਰਾਬ ਦੀ ਵਰਤੋਂ ਹੁੰਦੀ ਹੈ। ਦਿੱਲੀ ਦੀ ਭਾਜਪਾ ਸਰਕਾਰ ਨੂੰ ਕਿਸੇ ਸੰਘ ਪਰਿਵਾਰ ਦੇ ਮੈਂਬਰ ਨੇ ਇਹ ਸੁਝਾਅ ਦੇ ਦਿਤਾ ਕਿ ਗਿਰਜਿਆਂ ਨੂੰ ਧਾਰਮਕ ਅਸਥਾਨਾਂ ਦਾ ਦਰਜਾ ਨਾ ਦਿਤਾ ਜਾਏ ਅਤੇ ਉਹ ਮਨਾਹੀ ਵਾਲਾ ਹੁਕਮ ਕਿ ਕੋਈ ਵੀ ਸੁਮਧ ਦਾ ਠੇਕਾ ਕਿਸੇ ਧਰਮ ਅਸਥਾਨ ਦੇ ਨੇੜੇ ਨਾ ਹੋਵੇ, ਗਿਰਜਿਆਂ ਉਤੇ ਨਾ ਲਾਗੂ ਕੀਤਾ ਜਾਵੇ। ਇਸੇ ਤਰ੍ਹਾਂ ਇਕ ਫੁਰਨਾ ਹੋਰ ਕਿਸੇ ਨੂੰ ਆ ਗਿਆ ਕਿ ਸੱਕਰਟਾਂ ਦਾ ਪਹਿਨਣਾ ਹਿੰਦੂ ਸਭਿਅਤਾ ਦੇ ਅਨੁਕੂਲ ਨਹੀਂ। ਇਸ ਲਈ ਸਕੂਲ ਦੇ ਬੱਚਿਆਂ ਨੂੰ ਇਹ ਸੱਕਰਟ ਪਹਿਨਣ ਦੀ ਮਨਾਹੀ ਕੀਤੀ ਜਾਵੇ। ਇਹਨਾਂ ਦਾ ਵੱਸ ਚਲੇ ਤਾਂ ਇਹ ਇਸਾਈ ਮਿਸ਼ਨਾਂ ਦੇ ਥੱਲੇ ਸਾਰੇ ਸਕੂਲ ਹੀ ਬੰਦ ਕਰ ਦੇਣ, ਹਾਲੀ ਇਹਨਾਂ ਦੀ ਸੱਤਾ ਵਿਚ ਆਪਣੇ ਆਪ ਆਜ਼ਾਦ ਤੌਰ 'ਤੇ ਬਹੁਗਿਣਤੀ ਨਹੀਂ, ਜਿਸ ਲਈ ਇਹ ਕਦਮ ਚੁੱਕਣ ਤੋਂ ਇਹ ਸੰਕੋਚ ਕਰ ਰਹੇ ਹਨ। ਇਕ ਕੌਮੀ ਏਜੰਡਾ ਅਗੇ ਆਇਆ ਹੈ, ਹਿਦੂੰਵਤਾ ਵਾਲਾ ਏਜੰਡਾ ਹਾਲੇਂ ਇਹਨਾਂ ਲਾਗੂ ਕਰਨਾ ਹੈ। ਭਾਜਪਾ ਵਿਰੁੱਧ ਲੜਾਈ ਹੁਣ ਸਿਰਫ਼ ਸਿਆਸੀ ਨਹੀਂ, ਇਹ ਵੱਡੇ ਪੈਮਾਨੇ ਤੇ ਵਿਚਾਰਧਾਰਕ ਲੜਾਈ ਹੈ। ਇਸ ਵਿਚ ਸੋਚਣ ਵਾਲੇ ਲੋਕਾਂ ਦਾ ਹਿੱਸਾ ਲੈਣਾ ਅਤੇ ਆਪਣੀ ਭੂਮਿਕਾ ਨਿਭਾਉਣਾ ਬੜਾ ਜ਼ਰੂਰੀ ਬਣ ਗਿਆ ਹੈ।

ਪੰਜਾਬ ਵਿਚ ਇਸ ਵੇਲੇ ਦੋ ਫਿਰਕੂ ਸੋਚ ਵਾਲੀਆਂ ਪਾਰਟੀਆਂ ਦਾ ਰਾਜ ਹੈ। ਇਹਨਾਂ ਦੀ ਸੋਚ ਦਾ ਪ੍ਰਗਟਾਵਾ ਵੀ ਵੇਖਣ ਨੂੰ ਮਿਲ ਰਿਹਾ ਹੈ। ਇਥੇ ਵੀ ਪ੍ਰੰਪਰਾਗਤ ਰੂੜੀਵਾਦੀ ਕਦਰਾਂ-ਕੀਮਤਾਂ ਦੇ ਆਧੁਨਿਕਤਾ ਦੀ ਸੋਚ ਦੀ ਟੱਕਰ ਹੈ। ਇਸ ਟੱਕਰ ਦਾ ਸ਼ੁਰੂ ਤਾਂ 1935-36 ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਆਮਦ ਨਾਲ ਕਿਹਾ ਜਾ ਸਕਦਾ ਹੈ। ਪ੍ਰੀਤਲੜੀ ਦੀਆਂ ਲਿਖਤਾਂ ਨੇ ਰੂੜੀਵਾਦੀ ਸੋਚ ਵਾਲੇ ਲੋਕਾਂ ਨੂੰ ਬੜੀ ਤਕਲੀਫ ਪੁਚਾਈ ਹੈ। ਲਾਹੌਰ ਦੀਆਂ ਆਰੀਆ ਸਮਾਜੀ ਅਤੇ ਸਿੰਘ ਸਭੀਆਂ ਦੀਆਂ ਅਖ਼ਬਾਰਾਂ ਨੇ ਉਹਨਾਂ ਲਿਖਤਾਂ ਦੇ ਵਿਰੁੱਧ ਬੜਾ ਵਾਵਵੇਲਾ ਪਾਇਆ ਸੀ। ਸੀ੍ ਗੁਰਬਖਸ਼ ਸਿੰਘ ਡਟੇ ਰਹੇ। ਉਹਨਾਂ ਦੀ ਦੇਣ ਇਸ ਪ੍ਰਸੰਗ ਵਿਚ ਇਤਿਹਾਸਕ ਦੇਣ ਹੈ। ਉਂਝ ਵੀ ਪੰਜਾਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਕਰਕੇ ਕੁਝ ਸਿਹਤਮੰਦ ਰਵਾਇਤਾਂ ਹਨ ਅਤੇ ਕੱਟੜਵਾਦ ਇਥੇ ਆਪਣੀਆਂ ਜੜ੍ਹਾਂ ਨਹੀਂ ਲਗਾ ਸਕਿਆ ਭਾਵੇਂ ਵੱਕਤੀ ਨੁਕਸਾਨ ਉਹਨੇ ਕੀਤੇ। ਪਰੰਪਰਾਗਤੀ ਹਰ ਵੇਲੇ ਤਿਆਰ ਰਹਿੰਦੇ ਹਨ ਕਿ ਉਹ ਆਪਣੀ ਜਕੜ ਬਣਾਈ ਰੱਖਣ।

ਕੈਨੇਡਾ ਵਿਚ ਮੇਜ਼, ਕੁਰਸੀਆਂ 'ਤੇ ਬੈਠ ਕੇ ਲੰਗਰ ਦੀ ਗੱਲ ਉੱਠੀ ਹੈ। ਲੰਗਰ, ਪੰਗਤ ਵਿਚ ਬੈਠ ਕੇ ਹੀ ਛੱਕਿਆ ਜਾ ਸਕਦਾ ਹੈ। ਬੜੀ ਹੀ ਸਿਹਤਮੰਦ ਅਤੇ ਮਾਨਵੀ ਰਵਾਇਤ ਹੈ, ਪਰ ਇਹ ਪੰਗਤ ਮੇਜ਼, ਕੁਰਸੀਆਂ 'ਤ ਵੀ ਲਗ ਸਕਦੀ ਹੈ, ਇਸ ਦਲੀਲ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੈਲਮਟ ਇਕ ਬਚਾਅ ਦਾ ਸਾਧਨ ਹੈ। ਇਹਦੇ ਪਹਿਨਣ ਨਾਲ ਟੋਪੀ ਵਾਲੀ ਗੱਲ ਕੋਈ ਨਹੀਂ ਜੁੜਦੀ। ਇਹ ਖਾਹਮਖਾਹ ਜ਼ਿਦ ਹੈ। ਇਸੇ ਤਰ੍ਹਾਂ ਕੋਈ ਵੀ ਡਾਕਟਰੀ ਓਪਰੇਸ਼ਨ ਕਰਨ ਵੇਲੇ ਓਪਰੇਸ਼ਨ ਵਾਲੀ ਥਾਂ ਤੋਂ ਵਾਲ ਸਾਫ਼ ਕੀਤੇ ਜਾਂਦੇ ਹਨ। ਉਹ ਡਾਕਟਰੀ ਜ਼ਰੂਰਤ ਹੈ। ਕੱਲ੍ਹ ਇਸਨੂੰ ਵੀ ਮੁੱਦਾ ਬਣਾਇਆ ਜਾ ਸਕਦਾ ਹੈ। ਇਸਨੂੰ ਰੋਮਾਂ ਦਾ ਕਤਲ ਵੀ ਕਿਹਾ ਜਾ ਸਕਦਾ ਹੈ।

ਆਧੁਨਿਕਤਾ ਤੇ ਰੂੜੀਵਾਦੀ ਕਦਰਾਂ-ਕੀਮਤਾਂ ਦੇ ਦਰਮਿਆਨ ਇਕ ਬੁਨਿਆਦੀ ਟੱਕਰ ਹੈ, ਇਸ ਟੱਕਰ ਵਿਚ ਵਿਗਿਆਨਿਕ ਸੋਚ ਵਾਲਿਆਂ ਨੇ ਬੜੇ ਹੌਸਲੇ ਨਾਲ ਆਪਣੀ ਭੂਮਿਕਾ ਨਿਭਾਉਣੀ ਹੈ।